# ਰੈਪਅਰਾਊਂਡ ਪ੍ਰੋਗਰਾਮ

ਘੱਟ ਗਿਣਤੀ ਲੋਕਾਂ ਵਿੱਚੋਂ ਜਵਾਨ, ਸਮੇਤ ਨਵੇਂ ਆਇਆਂ ਦੇ, ਚੁਣੌਤੀਆਂ ਦਾ ਸਾਮ੍ਹਣਾ ਕਰ ਸਕਦੇ ਹਨ ਜਿਵੇਂ ਕਿ ਪਛਾਣ ਦਾ ਨੁਕਸਾਨ, ਵਿਤਕਰਾ, ਸਮਾਜਿਕ ਇਕੱਲਤਾ, ਧੱਕੇਸ਼ਾਹੀ ਹੋਣਾ, ਗੈਰ-ਸਿਹਤਮੰਦ ਪਰਿਵਾਰਕ ਸੰਬੰਧ ਅਤੇ ਬੋਲੀ ਦੀਆਂ ਰੁਕਾਵਟਾਂ। ਇਹ ਚੁਣੌਤੀਆਂ ਜਵਾਨਾਂ ਨੂੰ ਖਤਰੇ ਵਾਲੇ ਵਤੀਰਿਆਂ ਵੱਲ ਧੱਕ ਸਕਦੀਆਂ ਹਨ ਜਿਵੇਂ ਕਿ ਸਕੂਲ ਛੱਡਣਾ, ਨਸ਼ਿਆਂ ਅਤੇ ਸ਼ਰਾਬ ਦੀ ਦੁਰਵਰਤੋਂ ਕਰਨਾ, ਗੈਰ-ਕਾਨੂੰਨੀ ਸਰਗਰਮੀਆਂ ਵਿਚ ਸ਼ਾਮਲ ਹੋਣਾ ਜਾਂ ਗੈਂਗਾਂ ਵਿਚ ਭਰਤੀ ਕਰ ਲਏ ਜਾਣਾ।

ਰੈਪਅਰਾਊਂਡ ਪ੍ਰੋਗਰਾਮ ਵਿਚ ਸ਼ਾਮਲ ਜਵਾਨਾਂ ਦੀ ਸਿਹਤਮੰਦ ਚੋਣਾਂ ਕਰਨ ਦੀ ਜ਼ਿਆਦਾ ਸੰਭਾਵਨਾ ਹੈ ਜਦੋਂ ਉਹ:

- ਆਪਣੇ ਵਰਗਿਆਂ ਨਾਲ ਜੁੜਦੇ ਹਨ
- ਭਾਈਚਾਰੇ ਵਿਚ ਹਿੱਸਾ ਲੈਂਦੇ ਹਨ
- ਸਮਾਜ ਪੱਖੀ ਹੁਨਰ ਵਿਕਸਤ ਕਰਦੇ ਹਨ
- ਹਾਂਪੱਖੀ ਸਰਗਰਮੀਆਂ ਵਿਚ ਹਿੱਸਾ ਲੈਂਦੇ ਹਨ
- ਸਵੈ-ਮਾਣ ਕਾਇਮ ਕਰਦੇ ਹਨ
- ਜਜ਼ਬਾਤਾਂ 'ਤੇ ਕਾਬੂ ਪਾਉਂਦੇ ਹਨ

ਰੈਪਅਰਾਊਂਡ ਪ੍ਰੋਗਰਾਮ, ਸਾਊਥ ਅਤੇ ਈਸਟ ਵੈਨਕੂਵਰ ਵਿਚ ਰਹਿੰਦੇ, 13 ਤੋਂ 18 ਸਾਲ ਦੀ ਉਮਰ ਦੇ ਖਤਰੇ ਵਿਚਲੇ ਜਵਾਨਾਂ ਦੀ ਸਮੁੱਚੇ ਤੌਰ 'ਤੇ ਮਦਦ ਕਰਦਾ ਹੈ ਤਾਂ ਜੋ ਜਿਨ੍ਹਾਂ ਚੁਣੌਤੀਆਂ ਅਤੇ ਦਬਾਵਾਂ ਦਾ ਜਵਾਨਾਂ ਨੂੰ ਸਾਮ੍ਹਣਾ ਕਰਨਾ ਪੈ ਰਿਹਾ ਹੈ ਉਨ੍ਹਾਂ ਨੂੰ ਕਾਬੂ ਵਿਚ ਕਰਨ ਲਈ ਉਨ੍ਹਾਂ ਦੀਆਂ ਮਜ਼ਬੂਤੀਆਂ ਅਤੇ ਲਚਕੀਲੇਪਣ ਵਿਚ ਵਾਧਾ ਕੀਤਾ ਜਾ ਸਕੇ।

## ਸੰਪਰਕ ਕਰਨ ਬਾਰੇ ਜਾਣਕਾਰੀ


**MOSAIC – Youth Centre**
201 - 5838 Fraser St., Vancouver, BC V5W 2Z5
ਟੈਲੀਫੋਨ: 604 324 7979 | ਫੈਕਸ: 604 324 4142
ਈਮੇਲ: wrap@mosaicbc.org

ਸੋਮਵਾਰ ਤੋਂ ਸ਼ੁਕਰਵਾਰ ਸਵੇਰ ਦੇ 9 ਵਜੇ ਤੋਂ ਬਾਅਦ ਦੁਪਹਿਰ 5 ਵਜੇ ਤੱਕ
*(ਜਵਾਨਾਂ ਅਤੇ ਪ੍ਰੋਗਰਾਮ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਟਾਫ ਕੰਮ ਕਾਰ ਦੇ ਆਮ ਸਮਿਆਂ ਤੋਂ ਬਾਹਰ ਦੇ ਸਮੇਂ ਵੀ ਕੰਮ ਕਰ ਸਕਦਾ ਹੈ।)*

## ਮੋਜ਼ੈਕ ਬਾਰੇ

ਮੋਜ਼ੈਕ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸੰਸਥਾ ਹੈ ਅਤੇ ਇਹ 1976 ਤੋਂ ਇਮੀਗਰਾਂਟਾਂ ਅਤੇ ਨਵੇਂ ਆਉਣ ਵਾਲਿਆਂ ਨੂੰ ਸੇਵਾਵਾਂ ਦੇਣ ਲਈ ਰਜਿਸਟਰਸ਼ੁਦਾ ਚੈਰਿਟੀ ਹੈ। ਇਸ ਵੇਲੇ ਅਸੀਂ ਮੈਟਰੋ ਵੈਨਕੂਵਰ ਵਿਚ ਕਈ ਥਾਂਵਾਂ ਵਿਚ ਕੈਨੇਡੀਅਨ ਸਿਟੀਜ਼ਨਾਂ, ਨਵੇਂ ਆਇਆਂ, ਰਫਿਊਜੀਆਂ, ਇਮੀਗਰਾਂਟਾਂ, ਅਤੇ ਟੈਂਪਰੇਰੀ ਬਦੇਸ਼ੀ ਕਾਮਿਆਂ ਲਈ ਵੱਡੇ ਪੱਧਰ 'ਤੇ ਸੇਵਾਵਾਂ ਦੇ ਰਹੇ ਹਾਂ।

**ਇਸ ਪ੍ਰੋਗਰਾਮ ਦੇ ਇਲਾਵਾ, ਮੋਜ਼ੈਕ ਇਹ ਸੇਵਾਵਾਂ ਵੀ ਦਿੰਦੀ ਹੈ:**

ਬੱਚਿਆਂ ਅਤੇ ਪਰਿਵਾਰਾਂ ਲਈ ਸੇਵਾਵਾਂ
ਰੁਜ਼ਗਾਰ ਦੇ ਪ੍ਰੋਗਰਾਮ । ਅੰਗਰੇਜ਼ੀ ਬੋਲੀ ਦੇ ਸੈਂਟਰ
ਦੋਭਾਸ਼ੀਏ ਦੀਆਂ ਸੇਵਾਵਾਂ । ਵਸੇਬੇ ਦੇ ਪ੍ਰੋਗਰਾਮ
ਖਾਸ ਸੇਵਾਵਾਂ । ਅਨੁਵਾਦ ਦੀਆਂ ਸੇਵਾਵਾਂ

**ਸੰਪਰਕ ਕਰਨ ਬਾਰੇ ਜਾਣਕਾਰੀ ਲਈ, ਜਾਂ ਇਨ੍ਹਾਂ ਸੇਵਾਵਾਂ ਬਾਰੇ ਜ਼ਿਆਦਾ ਪਤਾ ਲਾਉਣ ਲਈ ਕਿਰਪਾ ਕਰਕੇ www.mosaicbc.org 'ਤੇ ਜਾਉ ਜਾਂ 604.254.9626 'ਤੇ ਫੋਨ ਕਰੋ।**

@mosaicbc

MOSAIC

ASPIRE to Excellence® carf CANADA ACCREDITED

Public Safety Canada | Sécurité publique Canada


*ਇਸ ਪ੍ਰੋਗਰਾਮ ਦੀ ਮਦਦ ਨੈਸ਼ਨਲ ਕਰਾਇਮ ਪ੍ਰੀਵੈਨਸ਼ਨ ਸੈਂਟਰ, ਪਬਲਿਕ ਸੇਫਟੀ, ਕੈਨੇਡਾ ਤੋਂ ਮਿਲੇ ਯੋਗਦਾਨ ਰਾਹੀਂ ਹੋਈ ਹੈ।*



©MOSAIC September 2017 [Punjabi]




# ਰੈਪਅਰਾਊਂਡ ਪ੍ਰੋਗਰਾਮ (Punjabi)




MOSAIC

***40 ਤੋਂ ਜ਼ਿਆਦਾ ਸਾਲਾਂ ਤੋਂ ਨਵੇਂ ਆਉਣ ਵਾਲਿਆਂ ਨੂੰ ਕੈਨੇਡੀਅਨ ਸਮਾਜ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਦੇ ਯੋਗ ਬਣਾਉਂਦੇ ਹੋਏ***

# ਰੈਪਅਰਾਊਂਡ ਪ੍ਰੋਗਰਾਮ ਦੀਆਂ ਸੇਵਾਵਾਂ

ਜੁਰਮਾਂ ਤੋਂ ਰੋਕਥਾਮ ਦੀ ਸਬੂਤ ਆਧਾਰਿਤ ਪਹੁੰਚ ਰੈਪਅਰਾਊਂਡ ਮਾਡਲ ਦੀ ਵਰਤੋਂ ਕਰਦੇ ਹੋਏ, ਇਹ ਪ੍ਰੋਗਰਾਮ ਘੱਟ ਗਿਣਤੀ ਵਿੱਚੋਂ ਖਤਰੇ ਵਾਲੇ ਜਵਾਨਾਂ ਲਈ ਲੋੜ ਮੁਤਾਬਕ ਤਿਆਰ ਕੀਤੀ ਹੋਈ ਮਦਦ ਪ੍ਰਦਾਨ ਕਰਦਾ ਹੈ। ਇਸ ਪ੍ਰੋਗਰਾਮ ਦੇ ਸਰਵਿਸ ਦੇਣ ਦੇ ਮੁੱਖ ਤੌਰ 'ਤੇ ਦੋ ਵਿਸ਼ੇਸ਼ ਰੂਪ ਹਨ:

- ਇਕ-ਤੋਂ-ਇਕ ਯੂਥ ਵਰਕਰ ਨਾਲ ਸਿੱਧੀ ਕੌਂਸਲਿੰਗ ਅਤੇ ਇਕ-ਤੋਂ-ਇਕ ਕਲਿਨੀਕਲ ਕੌਂਸਲਿੰਗ ਦੀਆਂ ਸੇਵਾਵਾਂ
- ਰੈਪਅਰਾਊਂਡ ਟੀਮ ਵਿਚ ਯੂਥ ਵਰਕਰ ਅਤੇ ਮਾਹਰ ਅਤੇ ਕਮਿਊਨਟੀ ਸ਼ਾਮਲ ਹੁੰਦੇ ਹਨ

ਪ੍ਰੋਗਰਾਮ ਵਿਚ ਸਰਵਿਸ ਦੇ ਚਾਰ ਵਿਸ਼ੇਸ਼ ਪੜਾ ਸ਼ਾਮਲ ਹਨ:

### ਸ਼ਮੂਲੀਅਤ

ਇਕ ਯੂਥ ਵਰਕਰ ਮੁਢਲੀ ਅਸੈੱਸਮੈਂਟ ਕਰਦਾ ਹੈ ਅਤੇ ਜਵਾਨ ਦੀਆਂ ਲੋੜਾਂ ਦੀ ਪਛਾਣ ਕਰਦਾ ਹੈ ਅਤੇ ਇਸ ਤੋਂ ਬਾਅਦ ਸੰਭਾਲ ਦੀ ਨਿੱਜੀ ਪਲੈਨ ਤਿਆਰ ਕੀਤੀ ਜਾਂਦੀ ਹੈ ਜਿਸ ਵਿਚ ਥੋੜ੍ਹੇ ਅਤੇ ਲੰਬੇ ਸਮੇਂ ਦੇ ਟੀਚੇ ਸ਼ਾਮਲ ਹੁੰਦੇ ਹਨ।

ਜਵਾਨ ਨੂੰ ਖਤਰੇ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਮਾੜੀ ਪੜ੍ਹਾਈ ਅਤੇ ਸਾਥੀਆਂ ਨਾਲ ਮਾੜੇ ਸੰਬੰਧ
- ਗਲਤ ਜਜ਼ਬਾਤੀ ਅਤੇ ਸਰੀਰਕ ਵਤੀਰੇ ਦਾ ਅਨੁਭਵ
- ਨਸ਼ਿਆਂ ਦੀ ਦੁਰਵਰਤੋਂ
- ਮਾਨਸਿਕ ਸਿਹਤ ਦੇ ਮਸਲੇ
- ਹਿੰਸਕ ਵਤੀਰਾ
- ਅਲੱਗ-ਥਲੱਗ ਹੋਣਾ

### ਰੈਪਅਰਾਊਂਡ ਟੀਮ ਤਿਆਰ ਕਰਨਾ

ਜਵਾਨ ਅਤੇ ਯੂਥ ਵਰਕਰ ਰੈਪਅਰਾਊਂਡ ਟੀਮ ਬਣਾਉਣਗੇ ਜਿਸ ਵਿਚ ਪਰਿਵਾਰ ਦੇ ਮੈਂਬਰ, ਦੋਸਤ, ਪੇਸ਼ਾਵਰ ਅਤੇ/ਜਾਂ ਕਮਿਊਨਟੀ ਵਰਕਰ ਸ਼ਾਮਲ ਹੋ ਸਕਦੇ ਹਨ। ਅਜਿਹੀਆਂ ਐਕਸ਼ਨ ਪਲੈਨਾਂ ਤਿਆਰ ਕਰਨ ਲਈ ਟੀਮ ਸਹਿਯੋਗ ਕਰੇਗੀ ਜਿਹੜੀਆਂ ਜਵਾਨ ਨੂੰ ਵਤੀਰੇ ਦੇ ਪੈਟਰਨ ਬਦਲਣ ਅਤੇ ਪਛਾਣੇ ਗਏ ਟੀਚੇ ਪ੍ਰਾਪਤ ਕਰਨ ਲਈ ਵਚਨਬੱਧ ਹੋਣ ਲਈ ਉਤਸ਼ਾਹਤ ਕਰਨਗੀਆਂ।

### ਪਲੈਨ ਨੂੰ ਲਾਗੂ ਕਰਨਾ

ਤਰੱਕੀ 'ਤੇ ਵਿਚਾਰ ਕਰਨ ਅਤੇ ਲੋੜ ਮੁਤਾਬਕ ਐਕਸ਼ਨ ਪਲੈਨ ਵਿਚ ਅਡਜਸਟਮੈਂਟਾਂ ਕਰਨ ਲਈ ਰੈਪਅਰਾਊਂਡ ਟੀਮ ਨੇਮ ਨਾਲ ਮਿਲਦੀ ਹੈ। ਯੂਥ ਵਰਕਰ ਲਗਾਤਾਰ ਲੋੜਾਂ ਦੀ ਪੜਚੋਲ ਕਰਦਾ ਹੈ, ਕਾਮਯਾਬੀਆਂ ਅਤੇ ਚੁਣੌਤੀਆਂ ਦੀ ਪੈੜ ਰੱਖਦਾ ਹੈ ਅਤੇ ਜਵਾਨ ਅਤੇ ਜਵਾਨ ਦੇ ਪਰਿਵਾਰ ਦੀ ਮਦਦ ਕਰਦਾ ਹੈ।

### ਤਬਦੀਲੀ

ਜਿਵੇਂ ਜਿਵੇਂ ਟੀਚੇ ਪੂਰੇ ਕਰਨ ਦਾ ਸਮਾਂ ਨੇੜੇ ਆਉਂਦਾ ਜਾਂਦਾ ਹੈ, ਪ੍ਰੋਗਰਾਮ ਤੋਂ ਬਾਹਰ ਦੀਆਂ ਤਬਦੀਲੀਆਂ ਲਈ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਯੂਥ ਵਰਕਰ ਅਤੇ ਯੂਥ ਤਬਦੀਲੀ ਦੀ ਇਕ ਨਿੱਜੀ ਪਲੈਨ ਤਿਆਰ ਕਰਦੇ ਹਨ ਜਿਸ ਵਿਚ ਭਵਿੱਖ ਵਿਚ ਆਉਣ ਵਾਲੀਆਂ ਉਨ੍ਹਾਂ ਚੁਣੌਤੀਆਂ ਨਾਲ ਸਿੱਝਣ ਲਈ ਵਸੀਲੇ ਵੀ ਸ਼ਾਮਲ ਹਨ ਜਿਹੜੀਆਂ ਕਿ ਪੈਦਾ ਹੋ ਸਕਦੀਆਂ ਹਨ।

ਇਹ ਪ੍ਰੋਗਰਾਮ ਮਾਪਿਆਂ ਅਤੇ ਜਵਾਨਾਂ ਦੀ ਸੰਭਾਲ ਕਰਨ ਵਾਲੇ ਹੋਰ ਮੁੱਖ ਲੋਕਾਂ ਲਈ ਵੀ ਮਦਦ ਪ੍ਰਦਾਨ ਕਰਦਾ ਹੈ



# ਹਿੱਸਾ ਕਿਵੇਂ ਲੈਣਾ ਹੈ

ਈਸਟ ਜਾਂ ਸਾਊਥ ਵੈਨਕੂਵਰ ਵਿਚ ਰਹਿੰਦੇ, 13 ਤੋਂ 18 ਸਾਲ ਦੀ ਉਮਰ ਦੇ ਘੱਟ ਗਿਣਤੀ ਦੇ ਜਵਾਨ ਆਪ ਆ ਸਕਦੇ ਹਨ ਜਾਂ ਇਨ੍ਹਾਂ ਵਿੱਚੋਂ ਕਿਸੇ ਵਲੋਂ ਭੇਜੇ ਜਾ ਸਕਦੇ ਹਨ:

- ਵੈਨਕੂਵਰ ਸਕੂਲ ਬੋਰਡ ਦਾ ਸਟਾਫ
- ਵੈਨਕੂਵਰ ਪੁਲੀਸ ਡਿਪਾਰਟਮੈਂਟ, ਸਕੂਲ ਲਾਇਜ਼ਾਨ ਅਫਸਰ
- ਕਮਿਊਨਟੀ ਵਿਚਲੇ ਸੇਵਾਵਾਂ ਦੇਣ ਵਾਲੇ
- ਸੋਸ਼ਲ ਵਰਕਰ
- ਮਾਪੇ ਅਤੇ ਹੋਰ ਮੁੱਖ ਸੰਭਾਲ ਕਰਨ ਵਾਲੇ

## ਉਪਲਬਧ ਜ਼ਬਾਨਾਂ

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਸਪੈਨਿਸ਼, ਟੈਗਾਲੋਗ, ਪੁਰਤਗੇਜੀ, ਅਰਬੀ ਅਤੇ ਜਪਾਨੀ ਵਿਚ ਸੇਵਾਵਾਂ ਦਿੰਦੇ ਹਾਂ।